**Bcm School Basant Avenue Dugri**
ਜਮਾਤ ਸੱਤਵੀਂ ਪੰਜਾਬੀ ਅਸਾਈਨਮੈਂਟ
ਪ੍ਰਸ਼ਨ **1** ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਇਨਸਾਨ ਦੀ ਜ਼ਿੰਦਗੀ ਵਿੱਚ ਸਮਾਂ ਸਭ ਤੋਂ ਕੀਮਤੀ ਧਨ ਹੈ। ਜੋ ਵਿਅਕਤੀ ਸਮੇਂ ਦੀ ਕਦਰ ਕਰਦਾ ਹੈ, ਉਹ ਅੱਗੇ ਵਧਦਾ ਹੈ ਅਤੇ ਆਪਣੇ ਲਕਸ਼ ਹਾਸਲ ਕਰ ਲੈਂਦਾ ਹੈ। ਸਮਾਂ ਇੱਕ ਵਾਰ ਲੰਘ ਜਾਵੇ ਤਾਂ ਮੁੜ ਕੇ ਨਹੀਂ ਆਉਂਦਾ, ਇਸ ਲਈ ਹਰ ਪਲ ਨੂੰ ਸਹੀ ਢੰਗ ਨਾਲ ਵਰਤਣਾ ਚਾਹੀਦਾ ਹੈ। ਅਕਸਰ ਲੋਕ ਆਲਸ ਜਾਂ ਟਾਲਮਟੋਲ ਕਰਕੇ ਆਪਣੇ ਮਹੱਤਵਪੂਰਨ ਕੰਮ ਪਿੱਛੇ ਛੱਡ ਦਿੰਦੇ ਹਨ, ਜਿਸ ਨਾਲ ਬਾਅਦ ਵਿੱਚ ਪਛਤਾਵਾ ਹੁੰਦਾ ਹੈ। ਵਿਦਿਆਰਥੀ ਜੀਵਨ ਵਿੱਚ ਸਮੇਂ ਦੀ ਪਾਬੰਦੀ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਹੀ ਸਮਾਂ ਭਵਿੱਖ ਦੀ ਨੀਂਹ ਰੱਖਦਾ ਹੈ। ਜੇ ਅਸੀਂ ਨਿਯਮਤ ਮਿਹਨਤ ਕਰੀਏ ਅਤੇ ਸਮੇਂ ਦੀ ਯੋਜਨਾ ਬਣਾਈਏ, ਤਾਂ ਸਫ਼ਲਤਾ ਆਪਣੇ ਆਪ ਸਾਡੇ ਨੇੜੇ ਆ ਜਾਂਦੀ ਹੈ।
1.ਇਨਸਾਨ ਦੀ ਜ਼ਿੰਦਗੀ ਵਿੱਚ ਸਮਾਂ ਕਿਉਂ ਸਭ ਤੋਂ ਕੀਮਤੀ ਧਨ ਮੰਨਿਆ ਗਿਆ ਹੈ?
2.ਜੋ ਵਿਅਕਤੀ ਸਮੇਂ ਦੀ ਕਦਰ ਕਰਦਾ ਹੈ, ਉਹ ਕੀ ਹਾਸਲ ਕਰ ਲੈਂਦਾ ਹੈ?
3.ਸਮਾਂ ਇੱਕ ਵਾਰ ਲੰਘ ਜਾਣ ਤੋਂ ਬਾਅਦ ਕੀ ਹੁੰਦਾ ਹੈ?
4.ਲੋਕ ਅਕਸਰ ਆਪਣੇ ਮਹੱਤਵਪੂਰਨ ਕੰਮ ਕਿਉਂ ਟਾਲ ਦਿੰਦੇ ਹਨ?
5.ਆਲਸ ਅਤੇ ਟਾਲਮਟੋਲ ਦਾ ਨਤੀਜਾ ਕੀ ਨਿਕਲਦਾ ਹੈ?
ਪ੍ਰਸ਼ਨ **2** ਹੇਠਾਂ ਦਿੱਤੀ ਕਾਵਿ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।
ਸਵੇਰ ਦੀ ਲਾਲੀ ਮੁਸਕਾਨ ਬਣ ਕੇ,
ਅੰਬਰ ਵਿੱਚ ਸੁਪਨੇ ਰੰਗ ਭਰਦੀ ਹੈ।
ਪੰਛੀ ਦੀ ਬੋਲੀ ਹੌਸਲਾ ਦੇ ਕੇ,
ਨਵੀਂ ਉਮੀਦ ਦਿਲਾਂ ਵਿੱਚ ਘਰ ਕਰਦੀ ਹੈ।
ਮਿੱਟੀ ਦੀ ਖੁਸ਼ਬੂ ਮਿਹਨਤ ਦੱਸਦੀ,
ਪੈਰਾਂ ਹੇਠਾਂ ਰਾਹ ਸਜਾਉਂਦੀ ਹੈ।
ਜੋ ਅੱਗੇ ਵਧੇ ਡਰ ਨੂੰ ਛੱਡ ਕੇ,
ਮੰਜ਼ਿਲ ਆਪ ਹੀ ਉਸਨੂੰ ਬੁਲਾਉਂਦੀ ਹੈ।
ਪ੍ਰਸ਼ਨ 1: ਕਵੀ ਨੇ ਸਵੇਰ ਦੀ ਲਾਲੀ ਨੂੰ ਕਿਸ ਰੂਪ ਵਿੱਚ ਦਰਸਾਇਆ ਹੈ?
ਪ੍ਰਸ਼ਨ 2: ਅੰਬਰ ਵਿੱਚ ਸੁਪਨੇ ਰੰਗ ਕਿਵੇਂ ਭਰਦੇ ਹਨ?
ਪ੍ਰਸ਼ਨ 3: ਪੰਛੀਆਂ ਦੀ ਬੋਲੀ ਕੀ ਸੰਦੇਸ਼ ਦਿੰਦੀ ਹੈ?
ਪ੍ਰਸ਼ਨ 4: ਮਿੱਟੀ ਦੀ ਖੁਸ਼ਬੂ ਕੀ ਦਰਸਾਉਂਦੀ ਹੈ?
ਪ੍ਰਸ਼ਨ 5: ਕਵੀ ਅਨੁਸਾਰ ਮੰਜ਼ਿਲ ਕਿਸ ਨੂੰ ਮਿਲਦੀ ਹੈ?
ਪ੍ਰਸ਼ਨ **3** ਹੇਠਾਂ ਦਿੱਤੀ ਤਸਵੀਰ ਵਰਨਣ ਕਰੋ।



ਪ੍ਰਸ਼ਨ **4** ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ ਤੇ ਕਿਸਮਾਂ ਦੇ ਨਾਮ ਲਿਖੋ?
ਪ੍ਰਸ਼ਨ **5** ਮੋਬਾਇਲ ਵਰਦਾਨ ਜਾਂ ਸ਼ਰਾਪ ਹੈ ਆਪਣੇ ਸ਼ਬਦਾਂ ਵਿੱਚ ਲਿਖੋ।
ਪ੍ਰਸ਼ਨ **6** ਕੁਦਰਤ ਦੀਆਂ ਕਰੋਪੀਆਂ ਦੇ ਨਾਂ ਦੱਸੋ ਅਤੇ ਇਕਾਂਗੀ ਵਿੱਚ ਕਿਹੜੀ ਆਫ਼ਤ ਦਾ ਜ਼ਿਕਰ ਆਇਆ ਹੈ?
ਪ੍ਰਸ਼ਨ **7** ਮੈਰੀ ਕਿਊਰੀ ਦੇ ਪਰਿਵਾਰਕ ਜੀਵਨ ਨੂੰ ਵਿਸਥਾਰ ਵਿੱਚ ਲਿਖੋ।
ਪ੍ਰਸ਼ਨ **8** ਸ਼ਬਦ ਅਰਥ ਲਿਖੋ।
ਵਿਦਵਤਾ, ਭਰਤੀ,ਪ੍ਰਮਾਣ ,ਭਰਤੀ ,ਕੈਂਪ ,ਧੁਨਾਂ
ਪ੍ਰਸ਼ਨ **9** ਸਮਾਨਾਰਥਕ ਸ਼ਬਦ ਲਿਖੋ।
ਯਾਰ , ਵਿਰੋਧੀ, ਸ਼ਾਂਤੀ, ਵਜੂਦ,ਪ੍ਰਿਥਵੀ
ਪ੍ਰਸ਼ਨ **10** ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ।
ਡੰਡੇ ਵਜਾਉਣਾ, ਝੁੱਗਾ ਚੌੜ ਹੋਣਾ, ਝੋਲੀ ਚੁੱਕਣਾ,
ਤੱਤੀ ਵਾਹ ਵੀ ਨਾ ਲੱਗਣਾ, ਦਸਾਂ ਨੌਹਾਂ ਦੀ ਕਿਰਤ ਕਰਨਾ